<u>ਪ੍ਰਾਹੁਣਚਾਰੀ ਵਿਭਾਗ ਪੰਜਾਬ ਚੰਡੀਗੜ੍ਹ।</u>

<u>ਟੈਂਡਰ ਨੋਟਿਸ</u>

ਪ੍ਰਾਹੁਣਚਾਰੀ ਵਿਭਾਗ ਵਿੱਚ ਵਰਤੋਂ ਵਿੱਚ ਆਉਣ ਵਾਲੀਆਂ ਵਸਤਾਂ ਜਿਵੇਂ ਪੋਲਟਰੀ-ਮੱਛੀ-ਮੀਟ-ਅੰਡੇ, ਡੇਅਰੀ ਆਈਟਮਾਂ, ਮਠਿਆਈਆਂ, ਕੱਚਾ ਕੋਲਾ, ਕਿਕਰ ਮੁੱਢੀ ਤੇ ਮਿਕਸ ਮੁੱਢੀ, ਟੈਂਟ/ਸ਼ਾਮਿਆਨਾ, ਕਰਾਕਰੀ/ਕਟਲਰੀ ਦੀ ਖਰੀਦ ਅਤੇ ਬਰਤਨ ਕਲੀ ਕਰਨ ਆਦਿ ਲਈ ਟੈਂਡਰ ਫਾਰਮ ਅਨੁਸਾਰ ਵਿੱਤੀ ਸਾਲ 2022-2023 ਲਈ ਰੇਟ ਮੰਗੇ ਜਾਂਦੇ ਹਨ।

ਫੂਡ ਆਈਟਮਜ ਸਪਲਾਈ ਕਰਨ ਵਾਲੀ ਏਜੰਸੀ/ਅਦਾਰੇ ਕੋਲ ਸਿਹਤ ਵਿਭਾਗ ਵਲੋਂ ਫੂਡ ਸੇਫਟੀ ਐਕਟ ਦੇ ਲਾਜਮੀ ਲਾਈਸੈਂਸ ਦੀ ਤਸਦੀਕ ਸ਼ੁਦਾ ਕਾਪੀ ਟੈਂਡਰ ਰੇਟਸ ਦੇ ਨਾਲ ਪੇਸ਼ ਕਰਨੀ ਜਰੂਰੀ ਹੋਵੇਗੀ। ਟੈਂਡਰ ਫਾਰਮ ਵਿੱਚ ਵਿਸਥਾਰ ਪੂਰਵਕ ਸਪੇਸੀਫਿਕੇਸ਼ਨਾਂ ਦੱਸੀਆਂ ਗਈਆਂ ਹਨ। ਇਹਨਾਂ ਸਬੰਧੀ ਕਲੈਰੀਫਿਕੇਸ਼ਨ ਟੈਂਡਰ ਖੁੱਲਣ ਦੀ ਮਿਤੀ ਤੋਂ ਤਿੰਨ ਦਿਨ ਪਹਿਲਾਂ ਪ੍ਰਾਪਤ ਕੀਤੀਆਂ ਜਾ ਸਕਦੀਆਂ ਹਨ। ਇਹ ਟੈਂਡਰ ਫਾਰਮ ਪੰਜਾਬ ਸਰਕਾਰ ਦੀ ਵੈਬਸਾਈਟ www.punjab.gov.in → Govt. Notification/Circulars → Tender_Hospitality ਦੇ ਪਤੇ ਤੋਂ ਡਾਊਨਲੋਡ ਵੀ ਕੀਤਾ ਜਾ ਸਕਦਾ ਹੈ। ਟੈਂਡਰ ਡਾਕੂਮੈਂਟ ਕੰਮ ਵਾਲੇ ਦਿਨ ਸੁਪਰਵਾਈਜਰ, ਪੰਜਾਬ ਭਵਨ, ਸੈਕਟਰ- 3, ਚੰਡੀਗੜ੍ਹ ਕੋਲ 100/- ਰੁਪਏ ਜਮ੍ਹਾਂ ਕਰਵਾਕੇ ਕਿਸੇ ਵੀ ਕੰਮ ਵਾਲੇ ਦਿਨ ਸਵੇਰੇ 9.00 ਵਜੇ ਤੋਂ ਸ਼ਾਮ 5.00 ਵਜੇ ਤੱਕ ਖਰੀਦਿਆ ਜਾ ਸਕਦਾ ਹੈ। ਇਹ ਟੈਂਡਰ ਫਾਰਮ ਡਾਇਰੈਕਟਰ, ਪ੍ਰਾਹੁਣਚਾਰੀ ਵਿਭਾਗ ਪੰਜਾਬ, ਪੰਜਾਬ ਭਵਨ, ਸੈਕਟਰ- 3, ਚੰਡੀਗੜ੍ਹ ਦੇ ਪਤੇ ਤੇ ਰਜਿਸਟਰ ਡਾਕ ਰਾਹੀਂ ਜਾਂ ਦਸਤੀ ਭੇਜੇ ਜਾ ਸਕਦੇ ਹਨ। ਉਹੀ ਟੈਂਡਰ ਫਾਰਮ ਪ੍ਰਵਾਨ ਕੀਤੇ ਜਾਣਗੇ ਜਿਹੜੇ ਕਿ ਮਿਤੀ 23.03.2022 ਨੂੰ ਸ਼ਾਮ 5.00 ਵਜੇ ਤੱਕ ਇਸ ਵਿਭਾਗ ਪਾਸ ਪ੍ਰਾਪਤ ਹੋਣਗੇ। ਇਹ ਟੈਂਡਰ ਫਾਰਮ ਮਿਤੀ 25.03.2022 ਨੂੰ ਪੰਜਾਬ ਭਵਨ, ਸੈਕਟਰ -3, ਚੰਡੀਗੜ੍ਹ ਵਿਖੇ ਸਵੇਰੇ 11.00 ਵਜੇ ਟੈਂਡਰ ਫਾਰਮ ਭੇਜਣ ਵਾਲਿਆਂ ਦੀ ਹਾਜਰੀ (ਜੋ ਸ਼ਾਮਿਲ ਹੋਣਾ ਚਾਹੁਣ) ਵਿੱਚ ਖੋਲੇ ਜਾਣਗੇ। ਡਾਇਰੈਕਟਰ ਪ੍ਰਾਹੁਣਚਾਰੀ ਪਾਸ ਟੈਂਡਰਾਂ ਨੂੰ ਬਿਨਾਂ ਕੋਈ ਕਾਰਣ ਦੱਸੇ ਰੱਦ ਕਰਨ ਦਾ ਹੱਕ ਰਾਖਵਾਂ ਹੋਵੇਗਾ ।

ਡਾਇਰੈਕਟਰ।

Scanned with CamScanner